ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ

ਵੱਲ

ਇਸ ਵਿਭਾਗ ਵਲੋਂ ਮਾਨਤਾ ਪ੍ਰਾਪਤ ਸਾਰੀਆਂ ਮੈਡੀਕਲ, ਡੈਂਟਲ, ਆਯੁਰਵੈਦਿਕ, ਹੋਮੋਪੈਥਿਕ, ਨਰਸਿੰਗ ਅਤੇ ਪੈਰਾ-ਮੈਡੀਕਲ ਸੰਸਥਾਵਾਂ ਦੇ ਮੁੱਖੀ
(ਈ-ਮੇਲ /ਵੈਬਸਾਈਟ ਰਾਹੀਂ)।

ਨੰ: 6ਐਮ.ਈ.3-ਪੰ:-2014/ 9833
ਮਿਤੀ ਚੰਡੀਗੜ੍ਹ: 24-6-14

ਵਿਸ਼ਾ:- ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ./ਓ.ਬੀ.ਸੀ. ਸਟੂਡੈਂਟਸ (ਸਾਲ 2013-14) ਸਬੰਧੀ ਸ਼ਿਕਾਇਤਾਂ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

ਅਸ਼ੀਰਵਾਦ ਪੋਰਟਲ ਰਾਹੀਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ./ਓ.ਬੀ.ਸੀ. ਸਟੂਡੈਂਟਸ ਸਕੀਮ (ਸਾਲ 2013-14) ਅਧੀਨ ਪ੍ਰਾਪਤ ਹੋਏ ਸਕਾਲਰਸ਼ਿਪ ਕੇਸ ਇਸ ਦਫਤਰ ਵਲੋਂ ਚੈਕਿੰਗ ਕਰਕੇ ਅਦਾਇਗੀ ਲਈ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜ ਦਿੱਤੇ ਗਏ ਹਨ। ਚੈਕਿੰਗ ਦੌਰਾਨ ਵੱਧ ਭਰੀਆਂ ਗਈਆਂ ਫੀਸਾਂ ਪੰਜਾਬ ਦੁਆਰਾ ਜਾਰੀ ਨੋਟੀਫਿਕੇਸ਼ਨਾਂ ਅਨੁਸਾਰ ਸੋਧੀਆਂ ਗਈਆਂ ਹਨ ਅਤੇ ਵੱਖ-ਵੱਖ ਕਾਰਨਾਂ ਕਰਕੇ ਕੁਝ ਕੇਸ ਰਿਜੈਕਟ ਕੀਤੇ ਗਏ ਹਨ, ਜਿਨ੍ਹਾਂ ਦਾ ਵੇਰਵਾ ਇਸ ਦਫਤਰ ਦੀ ਵੈਬਸਾਈਟ (www.punjabmedicaleducation.org) ਉੱਤੇ ਸਕਾਲਰਸ਼ਿਪ ਪੇਜ ਉੱਤੇ ਉਪਲਬਧ ਹੈ। ਸਾਰੀਆਂ ਸੰਸਥਾਵਾਂ/ਵਿਦਿਆਰਥੀਆਂ ਇਨ੍ਹਾਂ ਲਿਸਟਾਂ ਨੂੰ ਚੈੱਕ ਕਰ ਲੈਣ।

ਜੇਕਰ ਕੋਈ ਸੰਸਥਾ / ਵਿਦਿਆਰਥੀ ਰਿਜੈਕਟ ਕੀਤੇ ਗਏ ਮਾਮਲਿਆਂ / ਫੀਸਾਂ ਆਦਿ ਸਬੰਧੀ ਆਪਣਾ ਪੱਖ ਪੇਸ਼ ਕਰਨਾ ਚਾਹੁੰਦਾ/ ਚਾਹੁੰਦੀ ਹੈ, ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਸਮੇਤ ਸਬੂਤਾਂ/ਦਸਤਾਵੇਜਾਂ ਦੇ ਆਪਣਾ ਪੱਖ ਪੇਸ਼ ਕਰ ਸਕਦੇ ਹਨ। ਜੇਕਰ ਕਿਸੇ ਸੰਸਥਾ/ਵਿਦਿਆਰਥੀ ਵਲੋਂ ਇਸ ਮਾਮਲੇ ਸਬੰਧੀ ਕੋਈ ਪ੍ਰਤੀ ਬੇਨਤੀ ਦਿੱਤੀ ਵੀ ਗਈ ਹੈ ਉਹ ਵੀ ਆਪਣੀ ਪ੍ਰਤੀ ਬੇਨਤੀ ਦੁਬਾਰਾ ਭੇਜਣ। ਇਸ ਤੋਂ ਬਾਅਦ ਇਸ ਮਾਮਲੇ ਉੱਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ ਜੀ।

ਡਾ. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।

Scanned by CamScanner